

ਢੱਲਦੇ-ਪਰਛਾਵੇਂ
ਭਾਗ-ਪਹਿਲਾ
ਮਨਪ੍ਰੀਤ ਸਿੱਧੂ

# ਇੱਕ ਸੁਨੇਹਾ

ਇਕ ਲੇਖਕ ਕੁੱਝ ਲਿੱਖਦਾ ਹੈ ਅਤੇ ਪਾਠਕ ਉਸਨੂੰ ਪੜ੍ਹਦਾ ਹੈ ,ਕਿਸੇ ਨੂੰ ਚੰਗਾ ਲੱਗਦਾ ਹੈ ਅਤੇ ਕਿਸੇ ਨੂੰ ਨਹੀਂ ਲਗਦਾ ,ਕਿਸੇ ਨੂੰ ਲੇਖਕ ਅਣਜਾਣ ਜਿਹਾ ਲਗਦਾ ਹੈ ਅਤੇ ਕਿਸੇ ਨੂੰ ਜ਼ਿੰਦਗੀ ਦਾ ਸਤਾਇਆ ਹੋਇਆ | ਵਟਸਅੱਪ ਉਤੇ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਕਹਾਣੀਆਂ ਕੁੱਝ ਅਜਿਹੇ ਹੀ ਵਿਚਾਰ ਪੈਦਾ ਕਰਦੀਆਂ ਹਨ | ਤੁਹਾਡੇ ਵਿੱਚੋ ਕਿਸੇ ਨੇ ਮੇਰੀਆਂ ਲਿਖਤਾਂ ਪਹਿਲਾਂ ਪੜ੍ਹੀਆਂ ਹੋਣਗੀਆਂ ਕਿਸੇ ਨਹੀਂ ਪੜ੍ਹੀਆਂ ਹੋਣਗੀਆਂ | ਜਿਨ੍ਹਾਂ ਪੜ੍ਹੀਆਂ ਹੋਣਗੀਆਂ ਉਹਨਾਂ ਦੇ ਮਨ ਵਿੱਚ ਕੁੱਝ ਸਵਾਲ ਹੁੰਦੇ ਨੇ ਕਈ ਲੋਕ ਸਵਾਲ ਪੁੱਛ ਲੈਂਦੇ ਨੇ ਕਈ ਮਨ ਦੇ ਡੂੰਘੇ ਟੋਏ ਵਿੱਚ ਦੱਬ ਦਿੰਦੇ ਨੇ | ਉਹ ਸਵਾਲ ਹੁੰਦਾ ਹੈ ਕਿ ਜੋ ਲਿਖਿਆ ਹੈ ਉਹ ਸੱਚ ਹੈ ਜਾਂ ਨਹੀਂ ਜਾਂ ਫੇਰ ਇਹ ਅਧੂਰਾ ਸੱਚ ਹੈ, ਕੁੱਝ ਸਵਾਲ ਕਹਾਣੀਆਂ ਦੇ ਪਾਤਰਾਂ ਦੇ ਭਵਿੱਖ ਬਾਰੇ ਹੁੰਦੇ ਨੇ ਕਿ ਉਸਦਾ ਕੀ ਹੋਇਆ , ਜਿਵੇਂ ਕਿ ਇਕ ਸਵਾਲ ਬਹੁਤ ਵਾਰ ਮੈਨੂੰ ਪੁੱਛਿਆ ਗਿਆ ਹੈ ਕਿ "ਅਧੂਰੀ ਜ਼ਿੰਦਗੀ" ਕਹਾਣੀ ਵਿੱਚ ਅਮਨ ਦਾ ਉਸ ਤੋਂ ਬਾਅਦ ਕੀ ਹੋਇਆ ਜਾਂ ਪ੍ਰੀਤ ਨਾਲ ਉਸਨੇ ਅਗਲਾ ਜੀਵਨ ਬਿਤਾਇਆ ਜਾਂ ਨਹੀਂ | ਵੈਸੇ ਇਹ ਪੁੱਛਣ ਵਾਲੀ ਗੱਲ ਨਹੀਂ ਸੀ | ਅੱਗੇ ਓਹਨਾ ਜੀਵਨ ਬਿਤਾਇਆ ਹੀ ਹੋਵੇਗਾ , ਹਾਂ ਬਿਤਾਇਆ ਹੀ ਹੈ |

ਹੁਣ ਗੱਲ ਹੁੰਦੀ ਹੈ ਕਹਾਣੀ ਸੱਚ ਹੋਣ ਦੀ , ਸੰਪੂਰਨ ਸੱਚ ਕੋਈ ਵੀ ਕਹਾਣੀ ਨਹੀਂ ਹੁੰਦੀ ਅਤੇ ਨਾ ਹੀ ਸੰਪੂਰਨ ਸੱਚ ਲਿਖੀ ਕਹਾਣੀ ਵਿੱਚ ਕਿਸੇ ਦੀ ਦਿਲਚਸਪੀ

ਹੁੰਦੀ ਹੈ , ਇਸ ਲਈ ਕਹਾਣੀ ਦਾ ਇੱਕ ਹਿੱਸਾ ਹੀ ਸੱਚ ਹੁੰਦਾ ਹੈ ,ਕਈ ਵਾਰ ਤਾਂ ਉਹ ਵੀ ਨਹੀਂ ਹੁੰਦਾ ,ਇਸ ਲਈ ਮੈਂ ਪਾਠਕਾਂ ਨੂੰ ਬੇਨਤੀ ਕਰਦਾਂ ਹਾਂ ਕਿ ਕਹਾਣੀ ਵਿੱਚ

ਅੱਗੇ ਕੀ ਹੋਇਆ ਹੋਵੇਗਾ ਜਾਂ ਕਹਾਣੀ ਅਸਲ ਵਿੱਚ ਕਿਵੇਂ ਵਾਪਰੀ ਹੋਵੇਗੀ ਇਸਦਾ ਅੰਦਾਜ਼ਾ ਖੁਦ ਹੀ ਲਗਾ ਲਵੋ | ਕਿਓਂਕਿ ਇਸ ਨਾਲ ਤੁਹਾਡੀ ਆਪਣੀ ਹੀ ਕਹਾਣੀ ਕਲਾ ਵਿੱਚ ਵਾਧਾ ਹੋਵੇਗਾ ਜਿਸ ਨਾਲ ਅੱਗੇ ਦੀ ਕਹਾਣੀ ਤੁਸੀਂ ਖੁਦ ਬਣਾ ਸਕਦੇ ਹੋ , ਕਹਾਣੀ ਬਣਾ ਕੇ ਉਸਨੂੰ ਆਪਣੇ ਨਾਮ ਨਾਲ ਅੱਗੇ ਨਹੀਂ ਤੋਰਨਾ ਬਸ ਇੱਕ ਵਾਰ ਬਣਾ ਕੇ ਦੇਖਣੀ ਹੈ ਅਤੇ ਉਸਤੋਂ ਬਾਅਦ ਤੁਸੀਂ ਸ਼ਇਦ ਆਪਣੀ ਕਹਾਣੀ ਬਣਾ ਸਕੋਂ ,ਸ਼ਇਦ ਅਜਿਹਾ ਕਰਨ ਨਾਲ ਤੁਹਾਡੇ ਵਿਚੋਂ ਕੋਈ ਵਧੀਆ ਕਹਾਣੀਕਾਰ ਉਭਰ ਆਵੇ ਅਤੇ ਪੰਜਾਬੀ ਸਾਹਿਤ ਨੂੰ ਇਕ ਨਵਾਂ ਲੇਖਕ ਮਿਲ ਜਾਵੇ |ਇਹ ਕੁੱਝ ਗੱਲਾਂ ਸੀ ਜੋ ਮੈਂ ਤੁਹਾਡੇ ਨਾਲ ਕਰਨਾ ਚਾਹੁੰਦਾ ਸੀ |

ਪਾਠਕਾਂ ਨੂੰ ਮੇਰੀ ਬੇਨਤੀ ਹੈ ਕਿ ਜਦੋ ਵੀ ਕੋਈ ਲੇਖਕ ਕੋਈ ਸਾਫਟ ਬੁੱਕ ਸਾਂਝੀ ਕਰਦਾ ਹੈ ਅਤੇ ਉਸਦੇ ਹੇਠਾਂ ਕਿਤਾਬ ਲਈ ਰਿਵੀਊ ਦੀ ਮੰਗ ਕਰਦਾ ਹੈ ਤਾਂ ਉਸਦੀ ਲਿਖਤ ਨੂੰ ਪੜ੍ਹਕੇ ਉਸਦਾ ਰਿਵਿਊ ਜ਼ਰੂਰ ਦੇ ਦੇਣਾ ਚਾਹੀਦਾ ਹੈ, ਕਮੀਆਂ -ਖੂਬੀਆਂ ਸਭ ਬਾਰੇ ਲੇਖਕ ਨੂੰ ਜਾਣੂ ਕਰਵਾਉਣਾ ਪਾਠਕ ਦਾ ਫਰਜ਼ ਬਣਦਾ ਹੈ | ਲਿਖਣ ਦਾ ਇਹ ਸਫ਼ਰ ਨਿਰੰਤਰ ਚਲਦਾ ਰਹੇਗਾ|

ਮੇਰੇ ਨਾਲ ਵਟਸਐਪ ਤੇ ਜੁੜੇ ਸਾਹਿਤ ਪ੍ਰੇਮੀਆਂ ਦਾ ਮੈਂ ਦਿਲੋਂ ਧੰਨਵਾਦੀ ਹਾਂ ਜਿੰਨਾ ਅੱਜ ਤੱਕ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਮੇਰੀ ਹਰ ਕਹਾਣੀ ਨੂੰ ਇਹਨਾਂ ਪਿਆਰ ਦਿੱਤਾ ,ਉਮੀਦ ਹੈ ਉਹ ਇਹ ਕਹਾਣੀ ਤੋਂ ਬਾਅਦ ਵੀ ਮੇਰੇ ਨਾਲ ਇੰਞ ਹੀ

ਜੁੜੇ ਰਹਿਣਗੇ , ਕਿਓਂਕਿ ਮੈਨੂੰ ਉਹਨਾਂ ਦੀ ਆਦਤ ਜਿਹੀ ਪੈ ਗਈ ਏ | ਵੀਰਾਨ ਜ਼ਿੰਦਗੀ ਨੂੰ ਇੱਕ ਪਰਿਵਾਰ ਜੇਹਾ ਮਿਲ ਗਿਆ ਸੀ |

ਮੈਂ ਇਕ ਵਾਰ ਫੇਰ ਕਹਿ ਰਿਹਾ ਹਾਂ ਕਿ ਲੇਖਕਾਂ ਦੀ ਹੌਂਸਲਾ ਅਫ਼ਜ਼ਾਈ ਜ਼ਰੂਰ ਕਰਿਆ ਕਰੋ , ਤੁਹਾਡੇ ਦੁਆਰਾ ਦਿੱਤਾ ਗਿਆ ਇਕ ਇਕ ਰਿਵਿਊ ਲੇਖਕ ਤੇ ਕੀ ਅਸਰ ਪਾਉਂਦਾ ਹੈ ਇਸਦਾ ਤੁਹਾਨੂੰ ਅੰਦਾਜ਼ਾ ਨਹੀਂ ਹੈ |

ਮੇਰੇ ਦਿਲ ਵਿੱਚ ਜੋ ਗੱਲਾਂ ਸੀ ਉਹ ਮੈਂ ਅੱਜ ਆਪ ਸਭ ਦੇ ਸਾਹਮਣੇ ਰੱਖ ਦਿੱਤੀਆਂ ਅਤੇ ਅਤੇ ਜੇਕਰ ਕੋਈ ਭੁੱਲ-ਚੁੱਕ ਹੋ ਗਈ ਹੋਵੇ ਤਾਂ ਮਾਫ ਕਰਨਾ ਜੀਉ | ਹੁਣ ਅੱਗੇ ਤੁਸੀਂ ਕਹਾਣੀ ਦਾ ਆਨੰਦ ਮਾਣੋ |

"ਅੱਧਾ ਸੱਚ ਅੱਧਾ ਫ਼ਸਾਨਾ

ਬਾਕੀ ਜੋ ਸਮਝੇ ਜ਼ਮਾਨਾ "

ਮਨਪ੍ਰੀਤ......

**ਜ਼ਿੰਦਗੀ ਦੇ ਅੰਗ ਕਾਲੇ ਮਣਕਿਆਂ ਦੇ ਨਾਮ ……**

# ਢੱਲਦੇ-ਪਰਛਾਵੇਂ (ਭਾਗ –ਪਹਿਲਾ)

ਇਕ ਹਨੇਰੇ ਨਾਲ ਭਰੀ ਰਾਤ ਵਿੱਚ ਇਕ ਅਜੀਬ ਜਿਹੀ ਜਗ੍ਹਾ ਤੇ ਪ੍ਰੀਤ ਇਕੱਲਾ ਖੜ੍ਹਾ ਸੀ ,ਚਾਰੇ ਪਾਸੇ ਸੁੰਨ-ਸਰਾਂ ਕੋਈ ਆਵਾਜ਼ ਨਹੀਂ ਆ ਰਹੀ | ਅਚਾਨਕ

ਪ੍ਰੀਤ ਨੂੰ ਕਿਸੇ ਦੇ ਪੈਰਾਂ ਦੀ ਆਵਾਜ਼ ਸੁਣਾਈ ਦਿੱਤੀ ਉਸਨੇ ਆਵਾਜ਼ ਵੱਲ ਗੌਰ ਕੀਤਾ ਤਾਂ ਸੱਜੇ ਪਾਸਿਓਂ ਇੱਕ ਕੁੜੀ ਦਾ ਪਰਛਾਵਾਂ ਆਉਂਦਾ ਦਿੱਸਿਆ ,ਉਸਦੇ ਸਫੇਦ ਕੱਪੜੇ ਪਾਏ ਸਨ ਅਤੇ ਸਿਰ ਤੇ ਚੁੰਨੀ ਲਈ ਹੋਈ ਸੀ , ਉਸਦੇ ਪੈਰਾਂ ਵਿੱਚ ਪਾਈ ਝਾਂਜਰ ਦੀ ਛਣਕਾਰ ਪ੍ਰੀਤ ਨੂੰ ਅਨੰਦਿਤ ਕਰ ਰਹੀ ਸੀ ਉਸਦੇ ਗਲ ਵਿੱਚ ਪਾਈ ਕਾਲੇ ਮਣਕਿਆਂ ਦੀ ਮਾਲਾ ਉਸਦੇ ਚਿੱਟੇ ਸੂਟ ਨਾਲ ਬਹੁਤ ਸੋਹਣੀ ਲੱਗ ਰਹੀ ਅਤੇ ਉਸਦਾ ਸਫੇਦ ਦੁੱਧ ਵਰਗਾ ਚਿਹਰਾ ਪ੍ਰੀਤ ਨੂੰ ਹੋਰ ਵੀ ਮੋਹਿਤ ਕਰ ਰਿਹਾ ਸੀ ,ਉਸਦੇ ਠੋਡੀ ਤੇ ਬਣਿਆ ਤਿਲ ਉਸਨੂੰ ਹੋਰਨਾਂ ਕੁੜੀਆਂ ਤੋਂ ਵੱਖ ਕਰ ਰਿਹਾ ਸੀ |

ਉਸ ਕੁੜੀ ਨੇ ਆਵਾਜ਼ ਦਿੱਤੀ |

" ਪ੍ਰੀਤ ਮੇਰੇ ਕੋਲ ਆ ਜਾ ,ਇਸ ਹਨੇਰੇ ਵਿੱਚ ਮੈਨੂੰ ਡਰ ਲੱਗਦਾ ਏ "

" ਮੈਂ ਤਾਂ ਹਮੇਸ਼ਾਂ ਤੋਂ ਹੀ ਤੇਰੇ ਕੋਲ ਆਉਣਾ ਚਾਹੁੰਦਾ ਹਾਂ ,ਪਰ ਤੇਰੀ ਦਿੱਤੀ ਕਸਮ ਹੀ ਮੈਨੂੰ ਰੋਕ ਲੈਂਦੀ ਏ " ਪ੍ਰੀਤ ਨੇ ਕਿਹਾ |

"ਹੁਣ ਤਾਂ ਮੇਰੇ ਕਰੀਬ ਆ ਜਾ ,ਆ ਦੇਖ ਮੇਰੀਆਂ ਬਾਹਾਂ ਤਰਸ ਰਹੀਆਂ ਨੇ ਤੈਨੂੰ ਗਲਵਕੜੀ ਪਾਉਂਣ ਲਈ " ਕੁੜੀ ਨੇ ਕਿਹਾ |

ਪ੍ਰੀਤ ਭਿੱਜੀਆਂ ਅੱਖਾਂ ਨਾਲ ਉਸ ਵੱਲ ਵੱਧਦਾ ਹੈ ਉਸਦੇ ਹੰਝੂ ਉਸਦੇ ਮੂੰਹ ਤੋਂ ਹੇਠਾਂ ਚੋ ਰਹੇ ਸਨ |

ਜਦੋ ਉਹ ਉਸ ਕੁੜੀ ਕੋਲ ਪਹੁੰਚਦਾ ਹੈ ਤਾਂ ਉਹ ਦੋ ਪੈਰ ਪਿੱਛੇ ਹਟ ਜਾਂਦੀ ਹੈ |

"ਨਹੀਂ ਇਹ ਨਹੀਂ ਹੋ ਸਕਦਾ ,ਆਪਾਂ ਨਹੀਂ ਮਿਲ ਸਕਦੇ , ਇਹ ਸਹੀ ਨੀਂ ਹੋ ਰਿਹਾ, ਤੂੰ ਚਲਾ ਜਾ ਇਥੋਂ "

ਪ੍ਰੀਤ ਉਸਨੂੰ ਫੜ੍ਹਨ ਦਾ ਯਤਨ ਕਰਦਾ ਹੈ ਪਰ ਉਹ ਅਚਾਨਕ ਹਨੇਰੇ ਵਿੱਚ ਕੀਤੇ ਗਾਇਬ ਹੋ ਗਈ , ਪ੍ਰੀਤ ਉੱਚੀ-ਉੱਚੀ ਉਸਨੂੰ ਅਵਾਜ਼ਾਂ ਮਾਰਦਾ ਹੈ

" ਡਿੰਪਲ,ਡਿੰਪਲ ................................ "

ਉਸਨੂੰ ਕੋਈ ਉੱਤਰ ਨਹੀਂ ਮਿਲਦਾ , ਉਹ ਹੋਰ ਅਵਾਜ਼ਾਂ ਲਾਉਂਦਾ ਹੈ ਅਤੇ ਉਸੇ ਵਕਤ ਉਸਦੀ ਅੱਖ ਖੁੱਲ ਜਾਂਦੀ ਹੈ |

ਉਹ ਘਬਰਾਇਆ ਹੋਇਆ ਨੀਂਦ ਵਿਚੋਂ ਉੱਠਦਾ ਹੈ ਵਕਤ ਦੇਖਦਾ ਹੈ ਰਾਤ ਦੇ ਦੋ ਵੱਜੇ ਹੋਏ ਸਨ| ਉਸਦਾ ਚਿਹਰਾ ਹੰਝੂਆ ਨਾਲ ਗਿੱਲਾ ਹੋ ਗਿਆ ਸੀ , ਨੀਂਦ ਵਿਚੋਂ ਉੱਠਣ ਸਾਰ ਹੀ ਉਹ ਆਪਣੇ ਸਰਹਾਣੇ ਪਏ ਦਵਾਈਆਂ ਦੇ ਲਫਾਫੇ ਨੂੰ ਟੈਟੋਲਦਾ ਹੈ ਪਰ ਉਹ ਖਾਲੀ ਸੀ ਕਿਓਂਕਿ ਉਸਦੀ ਦਵਾਈ ਤਾਂ ਦੋ ਦਿਨ ਪਹਿਲਾਂ ਹੀ ਖਤਮ ਹੋ ਗਈ ਸੀ|

ਉਸਨੂੰ ਦੋਬਾਰਾ ਨੀਂਦ ਨਾ ਆਈ ,ਉਹ ਚੁਬਾਰੇ ਵਿਚੋਂ ਉੱਠ ਬਾਹਰ ਛੱਤ ਤੇ ਟਹਿਲਣ ਲਈ ਆ ਗਿਆ , ਚਾਰ-ਚੁਫੇਰੇ ਇੱਕ ਸ਼ਾਂਤੀ ਭਰੀ ਹੋਈ ਸੀ ,ਟਿੱਕੀ ਰਾਤ ਉਸਨੂੰ ਕਿਸੇ ਵੱਡੇ ਘਾਟੇ ਦਾ ਸੋਗ ਮਨਾਉਂਦੀ ਦਿਸ ਰਹੀ ਸੀ ਅਤੇ ਅਸਮਾਨ ਵਿੱਚ ਫੈਲ਼ੇ ਤਾਰੇ ਇੰਝ ਲੱਗ ਰਹੇ ਸਨ ਜਿਵੇਂ ਉਹ ਚੁੱਪ ਬੈਠੇ ਵਿਰਲਾਪ ਕਰ ਰਹੇ ਹੋਣ |

ਸਾਰਾ ਦਿਨ ਹਵਾ ਨਾਲ ਹਿਲਦੇ ਦਰੱਖਤਾਂ ਦੇ ਪੱਤੇ ਹੁਣ ਸਥਿਰ ਹੋ ਗਏ ਸਨ ਜਿਵੇਂ ਕਿਸੇ ਦੁੱਖੀ ਹਿਰਦੇ ਨੇ ਇਹਨਾਂ ਨੂੰ ਇੱਕ ਥਾਵੇਂ ਠਹਿਰ ਜਾਣ ਦੀ ਸਜ਼ਾ ਦਿੱਤੀ ਹੋਵੇ | ਹਨੇਰੇ ਵਿੱਚ ਛੱਤ ਤੋਂ ਪਿੰਡ ਦੇ ਸ਼ਾਂਤ ਪਏ ਘਰ ਅਤੇ ਗਲੀਆਂ ਪ੍ਰੀਤ ਨੂੰ ਕਬਰਾਂ ਲੱਗ ਰਹੀਆਂ ਸਨ ਜੋ ਹੁਣ ਸਿਰਫ ਖਾਮੋਸ਼ ਰਹਿਣਗੀਆਂ | ਉਹ ਆਪ ਵੀ ਚੁੱਪ ਹੋ ਕੇ ਖੜ੍ਹਾ ਸੀ ਅਤੇ ਉਸ ਕੁੜੀ ਦੇ ਅਕਸ ਨੂੰ ਮਨ ਵਿੱਚ ਉਕਰਨ ਦਾ ਯਤਨ ਕਰ ਰਿਹਾ ਸੀ | ਫਿਰ ਉਹ ਅੰਦਰ ਜਾ ਆਪਣੇ ਮੰਜੇ ਉੱਤੇ ਪੈ ਗਿਆ ਪਰ ਨੀਂਦ ਉਸਨੂੰ ਨਾ ਆਈ ,ਸਾਰੀ ਰਾਤ ਉਸਨੇ ਉਸਲ ਵੱਟੇ ਲੈਂਦਿਆਂ ਕੱਢ ਦਿੱਤੀ |

ਸਵੇਰ ਨੂੰ ਪ੍ਰੀਤ ਨੇ ਮੰਜਾ ਬਾਹਰ ਕੱਢਿਆ ਅਤੇ ਧੁੱਪ ਵਿੱਚ ਡਾਹ ਲਿਆ ਮੰਜੇ ਦੇ ਕੋਲ ਹੀ ਇੱਕ ਸਟੂਲ ਤੇ ਚਾਹ ਦੀ ਗੜਵੀ ਭਰੀ ਹੋਈ ਸੀ ਜਿਸ ਵਿਚੋਂ ਉਸਨੇ ਇੱਕ ਗਿਲਾਸ ਚਾਹ ਦਾ ਭਰਿਆ ਅਤੇ ਚੁਸਕੀਆਂ ਲੈਣ ਲੱਗਾ |

ਉਸਦੇ ਘਰ ਦਾ ਗੇਟ ਖੜਕਦਾ ਹੈ ਅਤੇ ਹਰਜੀਤ ਤੇ ਲੱਕੀ ਜੋ ਪ੍ਰੀਤ ਦੇ ਬਚਪਨ ਦੇ ਜਿਗਰੀ ਦੋਸਤ ਹਨ ਅੰਦਰ ਆਉਂਦੇ ਹਨ| ਇਹ ਤਿੰਨੋ ਸਕੂਲ ਤੋਂ ਹੁਣ ਤੱਕ ਇਕੱਠੇ ਹੀ ਪੜ੍ਹੇ ਸਨ ਇਸ ਲਈ ਦੋਸਤੀ ਵਕਤ ਦੇ ਨਾਲ ਅਸਲੋਂ ਗੂੜ੍ਹੀ ਹੋ ਗਈ | ਘਰ ਵਿੱਚ ਵੜਦੇ ਸਾਰ ਹੀ ਉਹਨਾਂ ਸਿੱਧਾ ਛੱਤ ਦੀਆਂ ਪੌੜੀਆਂ ਵੱਲ ਰੁੱਖ ਕੀਤਾ ਅਤੇ ਸਿੱਧੇ ਛੱਤ ਤੇ ਚਲੇ ਗਏ | ਆਖਰੀ ਪੌੜੀ ਤੇ ਖੜ੍ਹਿਆਂ ਹੀ ਹਰਦੀਪ ਨੂੰ ਚਾਹ ਦੀ ਗੜਵੀ ਦਿੱਸ ਗਈ ,ਉਸਨੇ ਲੱਕੀ ਨੂੰ ਉਹਨੇ ਪੈਰੀਂ ਹੀ ਵਾਪਿਸ ਹੇਠਾਂ ਦੋ ਗਿਲਾਸ ਲਿਉਣ ਲਈ ਘੱਲ ਦਿੱਤਾ ਅਤੇ ਆਪ ਪ੍ਰੀਤ ਕੋਲ ਆ ਬੈਠਾ | ਉਸਨੇ ਪੂਰੇ ਉਤਸਾਹ ਨਾਲ ਪ੍ਰੀਤ ਨੂੰ ਗੁੱਡ ਮਾਰਨਿੰਗ ਕਿਹਾ ਪਰ ਪ੍ਰੀਤ ਨੇ ਉਸਦਾ ਜਵਾਬ ਬੜੇ ਹੀ ਠੰਡੇ

ਲਹਿਜ਼ੇ ਵਿਚ ਦਿੱਤਾ | ਹਰਜੀਤ ਪ੍ਰੀਤ ਦੀ ਹਾਲਤ ਤੋਂ ਚੰਗੀ ਤਰਾਂ ਵਾਕਿਫ ਸੀ ਇਸ ਲਈ ਉਸਨੇ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਉਸਦੇ ਨਾਲ ਮੰਜੇ ਤੇ ਜਾ ਬੈਠਾ | ਲੱਕੀ ਦੋ ਵੱਡੇ ਵੱਡੇ ਗਿਲਾਸ ਲੈ ਉਹਨਾਂ ਕੋਲ ਪਹੁੰਚ ਗਿਆ |

ਹਰਜੀਤ :- ਬੱਠਲ ਹੀ ਚੁੱਕ ਲਿਉਂਦਾ ,ਇੰਨੇ ਕੁ ਗਲਾਸ ਚ' ਚਾਹ ਕਿਵੇਂ ਪੂਰੀ ਆਉ |

ਲੱਕੀ :- ਟੋਕਰਾ ਨਾ ਚੁੱਕ ਲਿਆਵਾਂ ? , ਜਿਹੋ ਜਿਹੇ ਗਿਲਾਸ ਮਿਲੇ ਮੈਂ ਚੁੱਕ ਲਿਆਇਆ , ਚਾਹ ਪਾ ਤੂੰ |

ਉਹਨਾਂ ਥੋੜ੍ਹੀ-ਥੋੜ੍ਹੀ ਚਾਹ ਗਿਲਾਸਾਂ ਵਿੱਚ ਪਾ ਲਈ ਅਤੇ ਗੜਵੀ ਖਾਲੀ ਕਰ ਵਾਪਿਸ ਸਟੂਲ ਤੇ ਰੱਖ ਦਿੱਤੀ | ਪ੍ਰੀਤ ਭਾਵੇਂ ਚੁੱਪ ਸੀ ਪਰ ਉਹ ਇਹਨਾਂ ਦੀਆਂ ਗੱਲਾਂ ਸੁਣ ਰਿਹਾ ਸੀ|

ਲੱਕੀ:- ਲੱਕੀ ਇਹਨੂੰ ਕੀ ਹੋ ਗਿਆ ਬੋਲਦਾ ਹੀ ਨੀ ਕੁੱਝ |

ਹਰਜੀਤ :-ਇਹਦਾ ਪਿਆਰ ਕੱਚਾ ਰਹਿ ਗਿਆ ਯਰ |

ਲੱਕੀ :- ਕੱਚੇ ਨੂੰ ਕਿਹੜਾ ਪਰੌਂਠਾ ਸੀ ਉਹ, ਇੰਝ ਕਹਿ ਅਧੂਰਾ ਰਹਿ ਗਿਆ ,

ਲੱਕੀ :- ਇਹ ਕਮਲਾ ਐਵੇਂ ਦਿਲ ਤੇ ਲਾਈ ਬੈਠਾ ,ਐਧਰ ਦੇਖ ਜਮਾਂ ਨੀਂ ਗੌਲਦੇ ਅੱਲੜਾਂ ਨੂੰ , ਇੱਕ ਨੂੰ ਆਪ ਜਵਾਬ ਦੇ ਕੇ ਆਇਆਂ|

ਹਰਜੀਤ :- ਅੱਛਾ ,ਜਵਾਬ ਦੇ ਕੇ ਆਇਆਂ ਕੇ ਲੈ ਕੇ ਆਇਆਂ ,, ਅਗਲੀ ਧੌਣ ਤੇ ਮੁੱਕੀ ਮਾਰ ਕੇ ਜਵਾਬ ਦੇ ਕੇ ਗਈ ਸੀ |

ਲੱਕੀ :- ਨਹੀਂ ਯਾਰ ,ਮੁੱਕੀ ਨੀ ਮਾਰੀ ਸੀ ,ਓਹਦਾ ਜਾਂਦੀ ਦਾ ਹੱਥ ਜਿਹਾ ਵੱਜ ਗਿਆ ਸੀ |

ਹਰਜੀਤ :- ਮਤਲਬ ਜਵਾਬ ਤਾਂ ਦੇ ਕੇ ਹੀ ਗਈ ਸੀ ?

ਹਰਜੀਤ :- ਜਵਾਬ ਤਾਂ ਦੇਣਾ ਹੀ ਸੀ ,ਭਲਾ ਪਰਪੋਜ਼ ਕਰਕੇ ਇਹ ਕੌਣ ਕਹਿੰਦਾ ਹੁੰਦਾ ਵੀ ,ਭੈਣ ਬਣਕੇ ਨਾਂਹ ਨਾ ਕਰੀਂ |

ਇਹ ਸੁਣ ਪ੍ਰੀਤ ਦਾ ਹਾਸਾ ਨਿਕਲ ਗਿਆ |

ਤਿੰਨਾਂ ਦੋਸਤਾਂ ਵਿੱਚ ਇੱਕ ਹਾਸਾ ਉੱਠਿਆ |

ਪ੍ਰੀਤ ਦੀ ਮਾਂ ਨੇ ਹੇਠੋਂ ਆਵਾਜ਼ ਮਾਰੀ ਕਿ ਡਾਕਟਰ ਆ ਗਿਆ ਏ |

ਲੱਕੀ :- ਇਹਨਾਂ ਕਿੰਨਾ ਕੁ ਪਿਆਰ ਦਾ ਝੋਰਾ ਲੱਗ ਗਿਆ ਤੈਨੂੰ ,ਜਿਹੜਾ ਡਾਕਟਰ ਸੱਦ ਲਿਆ |

ਹਰਜੀਤ (ਗੀਤ ਗੁਣਗੁਣਾਉਂਦਾ ਹੋਇਆ ):- ਡਾਕਟਰਾ ਦੇ ਦੇ ਕੋਈ ਦਵਾਈ ਜੀਹਦੇ ਨਾਲ ਯਾਰ ਯਾਦ ਨਾ ਆਵੇ

ਪ੍ਰੀਤ :- ਮੱਝ ਬਿਮਾਰ ਆ ਉਹ ਡਾਕਟਰ ਸਦਿਆ , ਚਲੋ ਥੱਲੇ ਮੱਝ ਦੇ ਟੀਕਾ ਲਗਵਾ ਦੀਏ ਫੜ੍ਹ ਕੇ |

ਲੱਕੀ :-ਕਿਵੇਂ ਬਿਮਾਰ ਹੋਗੀ ,

ਪ੍ਰੀਤ :- ਠੰਡ ਲੱਗ ਗਈ ,ਕੱਲ ਵੀ ਟੀਕਾ ਲਵਾਇਆ ,ਇੱਕ ਅੱਜ ਲਗੇਗਾ |

ਹਰਜੀਤ(ਹੱਸਦਾ ਹੋਇਆ ):- ਇਹ ਦੁਖੀ ਜਿਹਾ ਰਹਿੰਦਾ ,ਇਹਨੂੰ ਦੇਖ ਉਹ ਵੀ ਢਿੱਲੀ ਹੋਗੀ |

ਤਿੰਨੋ ਹੇਠਾਂ ਚਲੇ ਜਾਂਦੇ ਹਨ |

ਛੱਤ ਤੋਂ ਹੇਠਾਂ ਉੱਤਰ ਕੇ ਹੀ ਸਾਹਮਣੇ ਪਸ਼ੂਆਂ ਦਾ ਛਤੜ੍ਹਾ ਸੀ ਅਤੇ ਉਸਦੇ ਸਾਹਮਣੇ ਹੀ ਇੱਕ ਬਰਕੇਨ ਸੀ ਜਿਸ ਤੇ ਬੰਨ ਕੇ ਮੱਝ ਨੂੰ ਟੀਕਾ ਲਗਵਾਉਣਾ ਸੀ |

ਪ੍ਰੀਤ ਖੁਰਲੀ ਤੋਂ ਮੱਝ ਖੋਲ ਲਿਓਂਦਾ ਹੈ ਬਾਹਰ ਬਰਕੇਨ ਨਾਲ ਵਟਾ ਦੇ ਕੇ ਕੱਸ ਪਾਉਂਦਾ ਹੈ ਅਤੇ ਹਰਜੀਤ ਉਸਦੇ ਗਲ ਵਿੱਚ ਰੱਸਾ ਪਾ ਕੇ ਦੋ ਵਲੇਵੇਂ ਮਾਰ ਲੈਂਦਾ ਹੈ | ਲੱਕੀ ਡੰਡਾ ਲੈ ਕੇ ਖੜ੍ਹ ਜਾਂਦਾ ਹੈ | ਡਾਕਟਰ ਮੱਝ ਨੂੰ ਚੈੱਕ ਕਰਕੇ ਇੱਕ ਟੀਕਾ ਉਸਦੀ ਧੌਣ ਵਿੱਚ ਲਾ ਦਿੰਦਾ ਹੈ | ਹਰਜੀਤ ਤੇ ਪ੍ਰੀਤ ਇੱਕ ਦਮ ਮੱਝ ਨੂੰ ਢਿੱਲਾ ਛੱਡ ਦਿੰਦੇ ਹਨ ਅਤੇ ਮੱਝ ਤੁਰੰਤ ਪਿੱਛੇ ਹਟਦੀ ਹੈ ਅਤੇ ਲੱਕੀ ਵਿੱਚ ਵੱਜਦੀ ਹੈ , ਲੱਕੀ ਇੱਕੋ ਝੱਟਕੇ ਵਿੱਚ ਹੇਠਾਂ ਡਿੱਗ ਜਾਂਦਾ ਹੈ | ਸਾਰਿਆਂ ਵਿੱਚ ਇੱਕੋ ਦਮ ਹਾਸਾ ਉਭਰਦਾ ਹੈ ਅਤੇ ਲੱਕੀ ਔਖਾ ਜਿਹਾ ਹੁੰਦਾ ਫੇਰ ਤੋਂ ਖੜ੍ਹਾ ਹੁੰਦਾ ਹੈ ਉਸਦੇ ਕੱਪੜੇ ਰੇਤੇ

ਨਾਲ ਭਰ ਗਏ ਅਤੇ ਕੱਪੜੇ ਝਾੜਦਾ ਹੈ | ਉਹ ਹੱਥ ਧੋਣ ਲਈ ਥੜ੍ਹੇ ਤੇ ਜਾਂਦਾ ਹੈ, ਥੜ੍ਹੇ ਤੇ ਪਾਣੀ ਵਾਲਾ ਢੋਲ ਭਰਿਆ ਹੋਇਆ ਸੀ |

" ਧਿਆਨ ਨਾਲ ਜਾਈਂ ,ਥੜ੍ਹੇ ਤੇ ਕੱਪੜੇ ਧੋਤੇ ਆ ਕਿਤੇ ਡਿੱਗ ਜਾਵੇਂ " ਪ੍ਰੀਤ ਨੇ ਕਿਹਾ |

" ਇੱਕ ਵਾਰ ਡਿੱਗ ਪਿਆ ,ਹੁਣ ਡਿੱਗਦਾ ਹੀ ਰਹੂੰਗਾ" ਲੱਕੀ ਨੇ ਜਵਾਬ ਦਿੱਤਾ |

ਲੱਕੀ ਥੜ੍ਹੇ ਤੇ ਜਾ ਕੇ ਢੋਲ ਵਿਚੋਂ ਪਾਣੀ ਦੀ ਬਾਲਟੀ ਭਰ ਕੱਢਣ ਲੱਗਾ ਤਾਂ ਉਸਦਾ ਪੈਰ ਤਿਲਕ ਗਿਆ ਅਤੇ ਸਾਰਾ ਪਾਣੀ ਉਸਤੇ ਡੁੱਲ ਗਿਆ | ਸਾਰਿਆਂ ਦਾ ਹਾਸਾ ਇੱਕੋ ਦਮ ਨਿੱਕਲ ਗਿਆ | ਹਰਜੀਤ ਹੱਸਦੇ-ਹੱਸਦੇ ਚੌਕੜੀ ਮਾਰ ਬਹਿ ਗਿਆ , ਉਸਤੋਂ ਹਾਸਾ ਰੋਕਿਆਂ ਨਹੀਂ ਰੁੱਕ ਰਿਹਾ ਸੀ | |

ਪ੍ਰੀਤ ਨੇ ਭੱਜ ਕੇ ਉਸਨੂੰ ਚੁੱਕਿਆ |

ਹਰਜੀਤ (ਹੱਸਦੇ ਹੋਏ ):-ਲੱਗਦਾ ਅੱਜ ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਤੂੰ ਆਵਦਾ ਹੀ ਮੂੰਹ ਵੇਖਿਆ ,ਤਾਹੀਂ ਡਿਗਦਾ ਫਿਰਦਾ |

ਲੱਕੀ :-ਆਵਦਾ ਕਾਹਨੂੰ ਤੇਰਾ ਮੂੰਹ ਵੇਖਿਆ, ਤੂੰ ਹੈ ਹੀ ਮਨਹੂਸ |

ਪ੍ਰੀਤ :- ਚੱਲ ਛੱਡ ਤੇਰਾ ਇਸ਼ਨਾਨ ਤਾਂ ਹੋ ਗਿਆ ,ਅੰਦਰ ਆਜਾ ਤੈਨੂੰ ਮੇਰੇ ਕੱਪੜੇ ਦੇ ਦਿਨਾਂ ਪਾ ਲਵੀਂ |

ਲੱਕੀ :-ਆਹੋ ,ਇਸ਼ਨਾਨ ਨੂੰ ਤਾਂ ਮੈਂ ਗੰਗਾ ਨਾਹ ਲਿਆ ਹਣਾ |

ਉਹ ਦੋਵੇਂ ਅੰਦਰ ਚਲੇ ਜਾਂਦੇ ਹਨ |ਡਾਕਟਰ ਵੀ ਚਲਾ ਜਾਂਦਾ ਹੈ |

ਹਰਜੀਤ ਤੇ ਲੱਕੀ ਪ੍ਰੀਤ ਨੂੰ ਲੈਣ ਲਈ ਆਏ ਸਨ ਕਿਓਂਕਿ ਉਹਨਾਂ ਅੱਜ ਆਪਣੇ ਕਾਲਜ ਦੇ ਦਾਖਲਾ ਫਾਰਮ ਭਰਨੇ ਸਨ | ਪ੍ਰੀਤ ,ਹਰਜੀਤ ਅਤੇ ਲੱਕੀ ਨੇ ਬੀ. ਏ ਕਰ ਐੱਮ. ਏ ਵਿੱਚ ਦਾਖਲਾ ਭਰਨਾ ਸੀ ਅਤੇ ਹੁਣ ਉਹਨਾਂ ਸ਼ਹਿਰ ਦੇ ਰਾਜਿੰਦਰਾ ਕਾਲਜ ਵਿੱਚ ਦਾਖਿਲਾ ਲੈਣਾ ਸੀ |

ਲੱਕੀ ਨੇ ਕੱਪੜੇ ਬਦਲ ਕੇ ਪ੍ਰੀਤ ਨੂੰ ਚੱਲਣ ਲਈ ਕਿਹਾ |

ਲੱਕੀ :- ਚਾਲ ਵੀ ਚੱਲੀਏ ?

ਲੱਕੀ :- ਡਾਕੂਮੈਂਟ ਫੜ੍ਹ ਲਿਆਇਆ ਸੀ ਤੂੰ ਕਾਲਜੋਂ ?

ਪ੍ਰੀਤ :- ਨਾ ਯਰ ਕਾਲਜ ਵੱਲ ਗਿਆ ਤਾਂ ਸੀ ਪਰ ਆਹ ਕੰਮ ਭੁੱਲ ਗਿਆ |

ਲੱਕੀ :- ਭੁੱਲ ਗਿਆ ,ਉਹ ਤੇਰੀ ਤਾਂ ਯਾਦਾਸ਼ਤ ਹੀ ਬੜੀ ਤੇਜ਼ ਸੀ ,ਤੂੰ ਕਿਵੇਂ ਭੁੱਲ ਗਿਆ ?

ਹਰਜੀਤ :- ਇਸ਼ਕ ਨੇ ਗਾਲਿਬ ਨਿਕੰਮਾ ਕਰ ਦਿਆ ,ਵਰਨਾ ਆਦਮੀ ਤੋਂ ਹਮ ਭੀ ਥੇ ਬੜੇ ਕਾਮ ਕੇ |

ਲੱਕੀ :- ਸਹੀ ਕਿਹਾ ਤੂੰ ,

ਲੱਕੀ :- ਉਹ ਮੋਟਾ ਡੀਨ ਹੋਰ ਕਿਸੇ ਨੂੰ ਦਿੰਦਾ ਨੀਂ ਡਾਕੂਮੈਂਟ ,ਨਹੀਂ ਮੈਂ ਫੜ੍ਹ ਲਿਉਂਦਾ |

ਹਰਜੀਤ :- ਹੋਰ ਯਰ ,ਲਹੂ ਪੀ ਰੱਖਿਆ ਉਹਨੇ ,ਆਹ ਸੈਂਨ ਕਰੋ ਉਹ ਸੈਨ ਕਰੋ , ਸਿਆਪਾ ਹੀ ਆ ਨਿਰਾ |

ਪਹਿਲਾਂ ਕਾਲਜ ਵਿੱਚ ਲਹੂ ਪੀ ਰੱਖਿਆ ਸੀਉਹਨੇ |

ਪ੍ਰੀਤ :- ਚਲੋ ਕੋਈ ਨਾ ਪੰਜ ਦਿਨ ਪਏ ਆ ,ਭਰ ਆਵਾਂਗੇ |

ਹਰਜੀਤ :- ਚਲ ਕੋਈ ਨਾ , ਕੱਲ ਲੈ ਆਵੀਂ ,ਹੁਣ ਸ਼ਾਮ ਨੂੰ ਮਿਲਦੇ ਹਾਂ |

ਲੱਕੀ ਤੇ ਹਰਜੀਤ ਉਥੋਂ ਚਲੇ ਜਾਂਦੇ ਹਨ |

ਰਸਤੇ ਵਿਚ ਹਰਜੀਤ ਕਾਫੀ ਡੂੰਘੀਆਂ ਸੋਚਾਂ ਵਿੱਚ ਪਿਆ ਹੋਇਆ ਸੀ ,ਉਸਨੂੰ ਪ੍ਰੀਤ ਦੀ ਬਹੁਤ ਫਿਕਰ ਹੋ ਰਹੀ ਸੀ ਕਿਓਂਕਿ ਪ੍ਰੀਤ ਉਸਨੂੰ ਕੁੱਝ ਥੱਕਿਆ ਅਤੇ ਉਨੀਂਦਰਾ ਜਿਹਾ ਲੱਗ ਰਿਹਾ ਸੀ | ਲੱਕੀ ਨੇ ਵੀ ਉਸਦੀ ਚਿੰਤਾ ਤੇ ਅਮਲ ਕੀਤਾ | ਉਹ ਪ੍ਰੀਤ ਨੂੰ ਦੋਬਾਰਾ ਖੁਸ਼ ਦੇਖਣਾ ਚਾਉਂਦੇ ਸਨ | ਲੱਕੀ ਨੇ ਹਰਜੀਤ ਨੂੰ ਇੱਕ ਸੁਝਾਅ ਦਿੱਤਾ ,ਪਰ ਹਰਜੀਤ ਉਸਦੀ ਗੱਲ ਮੰਨਣ ਲਈ ਤਿਆਰ ਨਹੀਂ ਸੀ |

ਲੱਕੀ ਨੇ ਪ੍ਰੀਤ ਨੂੰ ਬੀਣਾ ਕੋਲ ਲਿਜਾਣ ਦੀ ਸਲਾਹ ਦਿੱਤੀ , ਬੀਣਾ ਪਿੰਡ ਦੇ ਬਾਹਰ ਵਾਲੇ ਪਾਸੇ ਆਪਣਾ ਧੰਦਾ ਚਲਾਉਂਦੀ ਸੀ | ਜਿਸਮ ਵੇਚਣਾ ਉਸਦਾ ਪੇਸ਼ਾ ਸੀ ,ਉਸਦਾ ਪਿਛੋਕੜ ਉੱਤਰ ਪ੍ਰਦੇਸ਼ ਦਾ ਸੀ ਅਤੇ ਦੋ ਸਾਲ ਪਹਿਲਾਂ ਹੀ ਉਹ ਇਧਰ

ਆਈ ਸੀ | ਕੁੱਝ ਕੁ ਸਮਾਂ ਤਾਂ ਉਸਨੇ ਦਿਹਾੜੀ ਦੱਪਾ ਕੀਤਾ ਪਰ ਫਿਰ ਉਹ ਇਸ ਕੰਮ ਵਿੱਚ ਪੈ ਗਈ |

ਲੱਕੀ ਦੇ ਜ਼ਿਆਦਾ ਕਹਿਣ ਤੇ ਹਰਜੀਤ ਇਸ ਗੱਲ ਲਈ ਤਿਆਰ ਹੋ ਗਿਆ ,ਕਿਓਂਕਿ ਉਸਨੂੰ ਵੀ ਇਹੀਓ ਰਸਤਾ ਠੀਕ ਲੱਗਾ | ਬੀਣਾ ਦਿਲ ਦੀ ਮਾੜੀ ਨਹੀਂ ਉਹ ਆਪਣੇ ਕੋਲ ਆਏ ਗਾਹਕਾਂ ਦੇ ਦੁੱਖ ਤਕਲੀਫ ਵੀ ਸੁਣਦੀ ਸੀ ਅਤੇ ਉਹਨਾਂ ਨੂੰ ਸਹਾਰਾ ਵੀ ਦਿੰਦੀ ਸੀ |

ਹਰਜੀਤ ਤੇ ਲੱਕੀ ਨੇ ਸ਼ਾਮ ਨੂੰ ਪ੍ਰੀਤ ਨੂੰ ਉਸ ਕੋਲ ਲਿਜਾਣ ਦਾ ਫੈਸਲਾ ਕੀਤਾ |

ਸ਼ਾਮ ਨੂੰ ਪ੍ਰੀਤ ਇਕੱਲਾ ਹੀ ਬੈਠਾ ਸੀ, ਉਹ ਇਕੱਲਾ ਹੀ ਕੁੱਝ ਬੋਲ ਰਿਹਾ ਸੀ |

"ਤੈਨੂੰ ਕਿਵੇਂ ਭੁੱਲ ਸਕਦੇ ਹਾਂ "

"ਮੈਂ ਹਮੇਸ਼ਾ ਤੇਰੇ ਨਾਲ ਹਾਂ "

" ਤੇਰੀਆਂ ਬਾਹਾਂ ਦੀ ਗਿਰਫ਼ਤ ਵਿੱਚ ਤਾਂ ਮੈਂ ਕਦੋਂ ਦਾ ਆਉਣ ਨੂੰ ਫਿਰਦਾ ਹਾਂ "

ਉਸਨੂੰ ਉਸਦੇ ਸਾਹਮਣੇ ਓਹੀਓਂ ਸੁਫ਼ਨੇ ਵਾਲੀ ਕੁੜੀ ਦਿਸ ਰਹੀ ਸੀ ,ਆਪ ਹੀ ਉਹ ਉਸ ਨਾਲ ਗੱਲਾਂ ਕਰ ਰਿਹਾ ਸੀ , ਉਸਨੂੰ ਇੰਞ ਲੱਗ ਰਿਹਾ ਸੀ ਜਿਵੇਂ ਮੰਜੇ ਤੇ ਪਏ ਦੇ ਉਹ ਕੁੜੀ ਉਸ ਕੋਲ ਬਾਹੀ ਤੇ ਬੈਠੀ ਹੈ |

" ਨਹੀਂ ਇਹ ਸੱਚ ਨਹੀਂ ਏ , ਮੈਂ ਅਸਲ ਵਿੱਚ ਤੇਰੇ ਕੋਲ ਨਹੀਂ ਹਾਂ " ਉਸ ਕੁੜੀ ਨੇ ਕਿਹਾ |

" ਮੈਂ ਜਾਣਦਾ ਹਾਂ ਕਿ ਤੂੰ ਸੱਚ ਨਹੀਂ ਏ ,ਮੇਰੇ ਦਿਮਾਗ ਦਾ ਇੱਕ ਭੁਲੇਖਾ ਏਂ ,ਪਰ ਇਹ ਭੁਲੇਖਾ ਮੈਨੂੰ ਸੁਕੂਨ ਦੇ ਰਿਹਾ ਹੈ " ਪ੍ਰੀਤ ਬੋਲਿਆ |

"ਮੈਂ ਇਹ ਤਾਂ ਨਹੀਂ ਚਾਹੁੰਦੀ ਸੀ ਕਿ ਤੂੰ ਪਾਗਲ ਹੋ ਜਾਵੇਂ " ਕੁੜੀ ਬੋਲੀ |

" ਹਾਂ ,ਹੈ ਤਾਂ ਇੱਕ ਪਾਗਲਪਨ ਹੀ ,ਪਰ ਮੈਥੋਂ ਇਕੱਲਾ ਬੈਠਿਆਂ ਨਹੀਂ ਜਾਂਦਾ ,ਤੂੰ ਹਰ ਵਾਰ ਮੇਰੇ ਕੋਲ ਆ ਬਹਿੰਦੀ ਏਂ" ਪ੍ਰੀਤ ਨੇ ਆਪਣੀ ਸਫਾਈ ਦਿੱਤੀ |

ਅਚਾਨਕ ਹਵਾ ਦੇ ਇੱਕ ਬੁਲ੍ਹੇ ਦੇ ਆਉਣ ਨਾਲ ਪ੍ਰੀਤ ਨੂੰ ਹੋਸ਼ ਆਈ ਅਤੇ ਉਹ ਆਪਣੀ ਕਲਪਨਿਕ ਦੁਨਿਆਂ ਵਿੱਚੋਂ ਇਕ ਦਮ ਉੱਠ ਗਿਆ |

ਹਰਜੀਤ ਅਤੇ ਲੱਕੀ ਉਸ ਕੋਲ ਆਉਂਦੇ ਹਨ ਅਤੇ ਧੱਕੇ ਨਾਲ ਆਪਣੇ ਨਾਲ ਲੈ ਜਾਂਦੇ ਹਨ | ਪ੍ਰੀਤ ਵਾਰ-ਵਾਰ ਪੁੱਛਦਾ ਹੈ ਕਿ ਉਹ ਕਿੱਥੇ ਜਾ ਰਹੇ ਹਨ ਪਰ ਉਹ ਦੋਵੇਂ ਚੁੱਪ ਹੋ ਗਏ |

ਲੱਕੀ :- ਅੱਜ ਤੇਰਾ ਇਲਾਜ ਹੋ ਹੀ ਜਾਊਗਾ |

ਪ੍ਰੀਤ :- ਕਾਹਦਾ ਇਲਾਜ ?

ਹਰਜੀਤ :- ਤੇਰੇ ਇਸ਼ਕ ਦੇ ਭੂਤ ਦਾ |

ਪ੍ਰੀਤ :- ਕੀ ?

ਲੱਕੀ :- ਕੁੱਝ ਨੀਂ ਤੂੰ ਮੋਟਰ-ਸਾਈਕਲ ਤੇ ਬੈਠ |

ਪ੍ਰੀਤ ਬਹਿ ਜਾਂਦਾ ਹੈ |

ਹਰਜੀਤ :- ਯਰ ਤੇਰੀ ਗ਼ਲਤ ਟਾਈਮ ਤੇ ਟੁੱਟੀ ਆ , ਮੈਂ ਓਹਦੀ ਛੋਟੀ ਭੈਣ ਨੂੰ ਪਰਪੋਜ਼ ਕਰਨਾ ਸੀ , ਸਾਰੇ ਅਰਮਾਨਾਂ ਤੇ ਪਾਣੀ ਫੇਰ ਤਾ |

ਪ੍ਰੀਤ : ਹੁਣ ਕਰਦੇ ਉਹ ਤਾਂ ਐਥੇ ਹੀ ਆ |

ਹਰਜੀਤ :- ਵੱਡੀ ਤਾਂ ਹੈਨੀ ਨਾ ,ਇਥੇ |

ਹਰਜੀਤ :- ਤੇਰਾ ਕਮਾਲ ਆ ,ਛੇ ਮਹੀਨੇ ਹੋਣ ਵਾਲੇ ਆ ਤੇਰੀ ਟੁੱਟੀ ਨੂੰ ਹਲੇ ਤੱਕ ਤੂੰ ਓਹਨੂੰ ਦਿਲ ਤੇ ਲੈ ਬੈਠਾਂ |

ਲੱਕੀ:- ਕੋਈ ਨਾ ਅੱਜ ਓਹਨੂੰ ਭੁੱਲ ਜਾਊਗਾ ਇਹ |

ਪ੍ਰੀਤ :- ਕੀ ਮਤਲਬ , ਮੈਂ ਕੋਈ ਨਸ਼ਾ ਪੱਤਾ ਨਹੀਂ ਕਰਨਾ ,

ਹਰਜੀਤ :- ਅਸੀਂ ਤੈਨੂੰ ਨਸ਼ੇੜੀ ਲੱਗਦੇ ਹਾਂ |

ਪ੍ਰੀਤ (ਟਿੱਚਰ ਚ '):- ਲੱਕੀ ਤਾਂ ਲਗਦਾ|

ਹਰਜੀਤ ਹੱਸਿਆ |

ਲੱਕੀ :- ਲੈ ਪਹੁੰਚ ਗਏ , ਇਸੇ ਕਮਰੇ ਵਿੱਚ  ਬੁਲਾਇਆ ?

ਹਰਜੀਤ :- ਹਾਂ |

ਲੱਕੀ :- ਪੇਮੈਂਟ ?

ਹਰਜੀਤ :- ਹੋਗੀ |

ਉਹ ਪ੍ਰੀਤ ਨੂੰ ਧੱਕ ਕਮਰੇ ਵਿੱਚ ਭੇਜ ਦਿੰਦੇ ਹਨ | ਇਹ ਹਰਜੀਤ ਦਾ ਬਾਹਰਲਾ ਕਮਰਾ ਸੀ ਜੋ ਕਿ ਉਹਨਾਂ ਖੇਤ ਵਿੱਚ ਪਾਇਆ ਹੋਇਆ ਸੀ ਜਿਸ ਵਿੱਚ ਉਸਦੇ ਤਾਏ-ਚਾਚੇ ਹੋਰੀਂ

ਸ਼ਰਾਬਾਂ ਵਗੈਰਾ ਪੀਂਦੇ ਸਨ | ਉਸਦੇ ਸਾਰੇ ਘਰ ਦੇ ਮੈਂਬਰ ਬਾਹਰ ਗਏ ਹੋਏ ਸਨ ਇਸ ਲਈ ਇਹ ਉਹਨਾਂ ਲਈ ਇੱਕ ਚੰਗਾ ਮੌਕਾ ਸੀ |

ਪ੍ਰੀਤ ਜਦੋ ਅੰਦਰ ਪਹੁੰਚਿਆ ਤਾਂ ਬੈਡ ਤੇ ਇੱਕ ਪੱਚੀ ਸਾਲਾਂ ਦੀ ਕੁੜੀ ਬੀਣਾ ਨੀਵੀਂ ਪਾਈ ਬੈਠੀ ਸੀ | ਉਸਨੇ ਮਨ ਮੋਹਕ ਅਤੇ ਖਿਚਵੇਂ ਕੱਪੜੇ ਪਾਏ ਹੋਏ ਸਨ | ਪ੍ਰੀਤ ਝੱਟ ਸਮਝ ਗਿਆ ਕਿ ਲੱਕੀ ਅਤੇ ਹਰਜੀਤ ਨੇ ਕੀ ਯੋਜਨਾ ਬਣਾਈ ਏ | ਉਹ ਪ੍ਰੀਤ ਨੂੰ ਅੰਦਰ ਆਇਆ ਦੇਖ ਉਸ ਕੋਲ ਆ ਕੇ ਕੱਪੜੇ ਉਤਾਰਨ ਲੱਗੀ | ਪ੍ਰੀਤ ਨੇ ਉਸਨੂੰ ਉਥੇ ਹੀ ਰੋਕ ਦਿੱਤਾ |

" ਕੋਈ ਜ਼ਰੂਰਤ ਨਹੀਂ ਏ , ਇਹ ਤਾਂ ਸਾਲੇ ਪਾਗਲ ਨੇ , ਤੁਸੀਂ ਆਰਾਮ ਨਾਲ ਬੈਠ ਜਾਵੋ " ਪ੍ਰੀਤ ਗੁੱਸੇ ਵਿੱਚ ਬੋਲਿਆ |

ਉਹ ਵਾਪਿਸ ਬੂਹੇ ਵੱਲ ਵਧਿਆ ਪਰ ਕਮਰੇ ਦਾ ਦਰਵਾਜਾ ਉਹ ਬਾਹਰੋਂ ਬੰਦ ਕਰਕੇ ਚਲੇ ਗਏ ਸਨ ਅਤੇ ਪ੍ਰੀਤ ਦੀਆਂ ਲਗਾਈਆਂ ਅਵਾਜਾਂ ਦਾ ਕੋਈ ਫਾਇਦਾ ਨਹੀਂ ਹੋ ਰਿਹਾ ਸੀ | ਥੱਕ ਕੇ ਉਹ ਕੰਧ ਨਾਲ ਇਕ ਕੁਰਸੀ ਤੇ ਬਹਿ ਗਿਆ ਸੀ |

ਬੀਣਾ :- ਸਾਬ , ਮੈਂ ਕਿਆ ਕਰੂ ?

ਬੀਣਾ ਦੀ ਆਵਾਜ਼ ਵਿਚ ਮਾਸੂਮੀਅਤ ਜਿਹੀ ਸੀ |

ਪ੍ਰੀਤ (ਗੁੱਸੇ ਵਿੱਚ ):- ਤੇਰਾ ਕੰਮ ਕੀ ? , ਅਜਿਹੇ ਕੰਮ ਕਰਦੀ ਏਂ , ਹੋਰ ਕੰਮ ਨਹੀਂ ਮਿਲਿਆ ਤੈਨੂੰ |

ਬੀਣਾ :- (ਚੁੱਪ)

ਪ੍ਰੀਤ :- ਬੈਠੀ ਰਹਿ ਹੁਣ ਜਿੰਨਾ ਚਿਰ ਉਹ ਯਮੱਦੂਤ ਨਹੀਂ ਆਉਂਦੇ |

ਬੀਣਾ :- ਸਾਬ ਮੈਂ ਤੋਂ ਯੇ ਪੂਛ ਰਹੀ ਥੀ ਕਿ ਆਪ ਕੁੱਛ ਕਰੇਂਗੇ ?

ਪ੍ਰੀਤ (ਗੁੱਸੇ ਵਿੱਚ ):- ਚੁੱਪ ਕਰ , ਬੈਠੀ ਰਹਿ ਚੁੱਪ ਚਾਪ ,

ਬੀਣਾ :- ਸਾਬ . ਮੈਨੇ ਪੈਸਾ ਲਿਆ ਹੈ , ਕਾਮ ਤੋਂ ਕਰਨਾ ਹੀ ਹੋਗਾ |

ਪ੍ਰੀਤ :- ਕੋਈ ਜ਼ਰੂਰਤ ਨਹੀਂ ਹੈ |

ਉਹਨਾਂ ਵਿੱਚ ਇੱਕ ਗਹਿਰੀ ਚੁੱਪ ਛਾ ਗਈ ਸੀ ਪ੍ਰੀਤ ਵਾਰ ਵਾਰ ਉਸ ਵੱਲ ਦੇਖ ਰਿਹਾ ਸੀ ਅਤੇ ਮਨ ਵਿੱਚ ਸੋਚ ਰਿਹਾ ਸੀ ਕਿ ਬੋਲ ਬਾਣੀ ਤੋਂ ਤਾਂ ਚੰਗੇ ਘਰ ਦੀ ਲੱਗਦੀ ਹੈ ,ਫੇਰ ਅਜਿਹੇ ਕੰਮ ਕਿਓਂ ਕਰ ਰਹੀ ਏ , ਇਹੋ ਜਿਹੀ ਕੀ ਮਜਬੂਰੀ ਹੋਊਗੀ |

ਬੀਣਾ ਜਾਣ ਬੁੱਝ ਕੇ ਆਪਣੇ ਅੰਗ ਦਿਖਾਉਣ ਦਾ ਯਤਨ ਕਰ ਰਹੀ ਸੀ ਤਾਂਕਿ ਪ੍ਰੀਤ ਉਸਦੇ ਜਾਲ ਵਿੱਚ ਫੱਸ ਜਾਵੇ ਤਾਂ ਜੋ ਉਸਨੂੰ ਉਹਨਾਂ ਤੋਂ ਲਏ ਪੈਸਿਆਂ ਦੀ

ਵਾਪਸੀ ਨਾ ਕਰਨੀ ਪੈ ਜਾਵੇ , ਕਿਉਂਕਿ ਉਸਨੇ ਉਹਨਾਂ ਪੈਸਿਆਂ ਨੂੰ ਪਹਿਲਾਂ ਹੀ ਘਰ ਵਿੱਚ ਰਾਸ਼ਨ ਲਿਓਣ ਲਈ ਖਰਚ ਕਰ ਦਿੱਤਾ |

ਪ੍ਰੀਤ ਉਸਦੀਆਂ ਹਰਕਤਾਂ ਨੂੰ ਚੰਗੀ ਤਰਾਂ ਸਮਝ ਰਿਹਾ ਸੀ ਅਤੇ ਇੱਕ ਦੋ ਵਾਰ ਉਸਦਾ ਮਨ ਵੀ ਉਸ ਵੱਲ ਖਿੱਚਿਆ ਗਿਆ , ਉਸਨੇ ਗੁੱਸੇ ਵਿੱਚ ਆ ਬੈਡ ਤੇ ਪਏ ਚਾਦਰ ਨੂੰ ਬੀਣਾ ਤੇ ਪਾ ਦਿੱਤਾ |

ਬੀਣਾ :- ਲੋਗ ਪੈਸਾ ਦੇ ਕੇ ਕੱਪੜੇ ਉਤਾਰਤੇ ਹੈਂ ਔਰ ਆਪ ਕੱਪੜਾ ਡਾਲ ਰਹੇ ਹੈਂ | ਦਿਲ ਟੂਟੇ ਆਸ਼ਿਕ਼ ਲਗਤੇ ਹੋ ,?

ਪ੍ਰੀਤ :- ਤੇਰਾ ਉਸ ਨਾਲ ਕੋਈ ਵਾਸਤਾ ਨਹੀਂ |

ਬੀਣਾ :- ਵਾਸਤਾ ਨਾ ਹੋ ,ਪਰ ਦੋ ਘੰਟੇ ਕਾ ਸਮਾਂ ਕਿਸੀ ਨਾ ਕਿਸੀ ਤਰਾਂ ਤੋ ਗੁਜ਼ਾਰਨਾ ਹੀ ਹੋਗਾ |

ਪ੍ਰੀਤ (ਹੈਰਾਨੀ ਨਾਲ ):- ਦੋ ਘੰਟੇ ?

ਬੀਣਾ :- ਦੋ ਘੰਟੇ ਕੇ ਪੈਸੇ ਦੀਏ ਹੈਂ ਉਨਹੋਂ ਨੇ |

ਬੀਣਾ :- ਸੁਣਾ ਦੋ ਸਾਬ ਆਪਣੀ ਕਹਾਣੀ ,ਮੁਝੇ ਮੁਹੱਬਤ ਕੀ ਕਹਾਣੀਆਂ ਔਰ ਪਿਆਰ ਕਰਨੇ ਵਾਲੇ ਬਹੁਤ ਅੱਛੇ ਲੱਗਦੇ ਹੈਂ |

ਪ੍ਰੀਤ :- ਨਹੀਂ ,ਤੇਰਾ ਇਸ ਵਿੱਚ ਕੋਈ ਵਾਸਤਾ ਨਹੀਂ ਏ |

ਬੀਣਾ :- ਚਲੋ ਮੈਂ ਆਪਣੀ ਸੁਣਾ ਦੇਤੀ ਹੂੰ ,ਪਹਿਲੇ ਆਦਮੀ ਹੋ ਜਿਸਨੇ ਕੱਪੜੇ ਉਤਾਰਨੇ ਕੀ ਬਜਾਏ ਪਹਿਨਾਏ ਹੈਂ , ਤੁਮ ਸ਼ਇਦ ਮੇਰਾ ਦੁੱਖ ਸੁਣ ਲੋਗੇ ,ਵਰਨਾ ਯਹਾਂ ਤੋ ਸਭ ਆਪਣਾ ਦੁੱਖ ਸੁਨਾਨੇ ਔਰ ਹਵਸ ਮਿਟਾਨੇ ਹੀ ਅਤੇ ਹੈਂ |

ਬੀਣਾ :- ਸੁਣੋਗੇ ?

ਪ੍ਰੀਤ ਥੋੜ੍ਹਾ ਜਿਹਾ ਸੋਚਾਂ ਵਿੱਚ ਪੈ ਗਿਆ ਅਤੇ ਫਿਰ ਉਸਨੇ ਹਾਮੀਂ ਭਰ ਦਿੱਤੀ |

ਬੀਣਾ ਨੇ ਆਪਣੀ ਕਹਾਣੀ ਸ਼ੁਰੂ ਕਰ ਦਿੱਤੀ |

ਬੀਣਾ ਉੱਤਰ ਪਰਦੇਸ ਦੇ ਇੱਕ ਛੋਟੇ ਜਿਹੇ ਪਿੰਡ ਦੀ ਰਹਿਣ ਵਾਲੀ ਕੁੜੀ ਸੀ ਜਿਸਦਾ ਇੱਕ ਨਿੱਕਾ ਜਿਹਾ ਪਰਿਵਾਰ ਸੀ ਜਿਸ ਵਿੱਚ ਮਾਂ -ਬਾਪ ਅਤੇ ਇਕ ਛੋਟਾ ਭਰਾ ਸੀ | ਓਹਦਾ ਅਸਲੀ ਨਾਮ ਗੀਤਿਕਾ ਹੈ | ਉਹ ਸਕੂਲ ਵਿੱਚ ਬਹੁਤ ਹੋਸ਼ਿਆਰ ਕੁੜੀ ਸੀ ਹਰ ਸਾਲ ਪਹਿਲੇ ਨੰਬਰ ਤੇ ਆਉਂਦੀ ਸੀ ਅਤੇ ਇੱਕ ਟੀਚਰ ਬਣਨਾ ਚਾਉਂਦੀ ਸੀ | ਉਸਦਾ ਜੀਵਨ ਬਹੁਤ ਹੀ ਖੁਸ਼ ਚੱਲ ਰਿਹਾ ਸੀ ਪਰ ਓਹਦੀਆਂ ਖੁਸ਼ੀਆਂ ਨੂੰ ਨਜ਼ਰ ਲੱਗ ਗਈ ਸੀ |

ਜਦੋ ਉਹ ਬਾਹਰਵੀਂ ਪੂਰੀ ਕਰਕੇ ਕਾਲਜ ਗਈ ਤਾਂ ਉਥੋਂ ਦਾ ਇੱਕ ਮੁੰਡਾ ਉਸਨੂੰ ਪਿਆਰ ਕਰਨ ਲੱਗ ਗਿਆ ਸੀ | ਉਹ ਉਸਨੂੰ ਕੋਈ ਖਾਸ ਨਹੀਂ ਲੱਗਦਾ ਸੀ , ਉਹ ਸਿਰਫ ਆਪਣੀ ਪੜ੍ਹਾਈ ਵੱਲ ਧਿਆਨ ਦੇਣਾ ਚਾਉਂਦੀ ਸੀ ,ਇਸ ਲਈ ਉਹ ਹਰ ਵਾਰ

ਉਸਨੂੰ ਨਜ਼ਰਅੰਦਾਜ਼ ਕਰ ਦਿੰਦੀ ਸੀ ਪਰ ਉਹ ਉਸਦੇ ਪਿੱਛੇ ਹੀ ਪਿਆ ਰਹਿੰਦਾ ਸੀ |

ਗੀਤਿਕਾ ਦਾ ਰੋਜ਼ ਪਿੱਛਾ ਕਰਨਾ ,ਉਸਨੂੰ ਛੇੜਨਾ ਇਹ ਉਸਦਾ ਰੋਜ਼ ਦਾ ਕੰਮ ਬਣ ਗਿਆ ਸੀ ਪਰ ਗੀਤਿਕਾ ਇਹ ਸਭ ਔਖੀ-ਸੌਖੀ ਝੱਲਦੀ ਰਹਿੰਦੀ | ਹੌਲੀ ਹੌਲੀ ਇਹ ਸਭ ਹੋਰ ਵੱਧ ਗਿਆ ਸੀ ,ਉਹ ਮੁੰਡਾ ਇਸਦਾ ਹੱਥ ਫੜ੍ਹਨ ਲੱਗ ਗਿਆ ਸੀ | ਗੀਤਿਕਾ ਉਸਦੀਆਂ ਇਹਨਾਂ ਹਰਕਤਾਂ ਤੋਂ ਪ੍ਰੇਸ਼ਾਨ ਹੋ ਗਈ ਸੀ ਪਰ ਉਹ ਇਸ ਬਾਰੇ ਕੁੱਝ ਕਰਨਾ ਨਹੀਂ ਚਾਉਂਦੀ ਸੀ | ਕਿਓਂਕਿ ਜੇਕਰ ਇਸ ਬਾਰੇ ਉਸਦੇ ਘਰ ਪਤਾ ਲੱਗਦਾ ਤਾਂ ਉਸਨੂੰ ਉਸੇ ਵਕਤ ਕਾਲਜੋਂ ਹਟਾ ਲੈਂਦੇ ਅਤੇ ਉਸਦਾ ਸੁਫਨਾ ਅਧੂਰਾ ਰਹਿ ਜਾਂਦਾ |

ਇੱਕ ਦਿਨ ਉਹ ਮੁੰਡਾ ਗੀਤਿਕਾ ਨੂੰ ਫੜ੍ਹ ਕੇ ਇੱਕ ਪਾਸੇ ਲੈ ਗਿਆ ,ਉਸਦੇ ਲੱਖ ਕੋਸ਼ਸ਼ ਕਰਨ ਦੇ ਬਾਵਜੂਦ ਵੀ ਉਹ ਉਸਦੀ ਪਕੜ ਵਿੱਚੋਂ ਛੁੱਟ ਨਾ ਸਕੀ | ਫਿਰ ਇੱਕ ਮੁੰਡਾ ਉਥੇ ਆਇਆ ਅਤੇ ਉਸਨੇ ਉਸ ਮੁੰਡੇ ਦੇ ਦੋ ਤਿੰਨ ਥੱਪੜ ਮਾਰਕੇ ਉਸਨੂੰ ਭਜਾ ਦਿੱਤਾ | ਗੀਤਿਕਾ ਉਸਦੇ ਇਸ ਅਚਾਨਕ ਹੋਏ ਹਮਲੇ ਤੋਂ ਸਹਿਮ ਗਈ ਸੀ ਅਤੇ ਤੁਰੰਤ ਓਥੋਂ ਚਲੀ ਗਈ | ਉਹ ਦੋ ਤਿੰਨ ਦਿਨ ਕਾਲਜ ਨਾ ਆਈ ਅਤੇ ਫਿਰ ਉਸਦਾ ਸੁਫਨਾ ਉਸਨੂੰ ਵਾਪਿਸ ਕਾਲਜ ਲੈ ਆਇਆ | ਉਹ ਡਰੀ ਹੋਈ ਹੌਲੀ ਹੌਲੀ ਚੱਲ ਰਹੀ ਸੀ | ਰਸਤੇ ਵਿੱਚ ਹੀ ਉਸਨੂੰ ਉਹ ਮੁੰਡਾ ਮਿਲ ਗਿਆ ਜਿਸਨੇ ਉਸਨੂੰ ਬਚਾਇਆ ਸੀ | ਗੀਤਿਕਾ ਨੇ ਉਸਦਾ ਸ਼ੁਕਰਾਨਾ ਕੀਤਾ |

ਹੌਲੀ ਹੌਲੀ ਉਹਨਾਂ ਵਿੱਚ ਦੋਸਤੀ ਵੱਧ ਗਈ ਸੀ ਗੀਤਿਕਾ ਨੂੰ ਉਸ ਮੁੰਡੇ ਵਿੱਚ ਇੱਕ ਹਮਸਫ਼ਰ ਦਿੱਸਣ ਲੱਗ ਗਿਆ ਸੀ | ਉਸ ਮੁੰਡੇ ਦਾ ਨਾਮ ਰੋਹਨ ਸੀ ਜੋ ਕਿ ਵਪਾਰੀ ਦਾ ਲੜਕਾ ਸੀ | ਗੀਤਿਕਾ ਨੂੰ ਹੁਣ ਉਸ ਵਿੱਚ ਹੀ ਸਾਰਾ ਸੰਸਾਰ ਦਿਖਣ ਲੱਗ ਗਿਆ ਸੀ ,ਉਹ ਹਰ ਵੇਲੇ ਉਸ ਨਾਲ ਗੱਲ ਕਰਨ ਦੇ ਬਹਾਨੇ ਲੱਭਣ ਲੱਗੀ |

ਪਿਆਰ ਦਾ ਮਿੱਠਾ ਅਹਿਸਾਸ ਉਸਦੇ ਦਿਲ ਨੂੰ ਹਰ ਰੋਜ਼ ਟੁੰਬਦਾ ਅਤੇ ਉਹ ਰੋਹਨ ਦੇ ਖਿਆਲਾਂ ਵਿੱਚ ਗਵਾਚ ਜਾਂਦੀ | ਪੜ੍ਹਾਈ ਲਿਖਾਈ ਵਿੱਚ ਉਸਦਾ ਧਿਆਨ ਹੁਣ ਬਿਲਕੁਲ ਹੀ ਖਤਮ ਹੋ ਗਿਆ ਸੀ | ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਦਿਲ ਦਾ ਹਾਲ ਉਸਨੂੰ ਦੱਸਣਾ ਚਾਉਂਦੀ ਸੀ ਪਰ ਉਸਦਾ ਹੌਂਸਲਾ ਨਹੀਂ ਪੈਂਦਾ ਸੀ ਅਤੇ ਦੂਜਾ ਉਸਨੂੰ ਇਹ ਡਰ ਸੀ ਕਿ ਰੋਹਨ ਉਸਨੂੰ ਗ਼ਲਤ ਨਾ ਸਮਝ ਲਵੇ |

ਫਿਰ ਇੱਕ ਦਿਨ ਹਿੰਮਤ ਕਰਕੇ ਰੋਹਨ ਨੂੰ ਆਪਣੇ ਦਿਲ ਦੀ ਗੱਲ ਦੱਸ ਦਿੱਤੀ ਸੀ | ਰੋਹਨ ਨੇ ਉਸੇ ਵਕਤ ਉਸਨੂੰ ਹਾਂ ਕਰ ਦਿੱਤੀ | ਗੀਤਿਕਾ ਨੂੰ ਅਜਿਹੀ ਉਮੀਦ ਨਹੀਂ ਸੀ ਕਿ ਰੋਹਨ ਵੀ ਉਸਨੂੰ ਪਿਆਰ ਕਰਦਾ ਹੈ | ਉਹਨਾਂ ਦੋਵਾਂ ਵਿੱਚ ਰਿਸ਼ਤਾ ਹੁਣ ਅਸਲੋਂ ਗੂੜ੍ਹਾ ਹੋਣ ਲੱਗਾ ਸੀ | ਗੀਤਿਕਾ ਨੇ ਰੋਹਨ ਵਿੱਚ ਆਪਣਾ ਸਭ ਦੇਖਣਾ ਸ਼ੁਰੂ ਕਰ ਦਿੱਤਾ ,ਪਿਆਰ ਦੇ ਮਿੱਠੇ-ਮਿੱਠੇ ਸੁਫ਼ਨੇ ਉਸਨੇ ਸੰਜੋਣੇ ਸ਼ੁਰੂ ਕਰ ਦਿੱਤੇ |

ਰੋਹਨ ਨੇ ਇਕ ਦਿਨ ਗੀਤਿਕਾ ਨੂੰ ਵਿਆਹ ਕਰਾਉਣ ਲਈ ਕਿਹਾ ,ਇਹ ਸੁਣ ਗੀਤਿਕਾ ਦੇ ਪੈਰੋਂ ਜ਼ਮੀਨ ਨਿਕਲ ਗਈ | ਉਹ ਹਲੇ ਵਿਆਹ ਦੇ ਬੰਧਨ ਵਿੱਚ ਬੱਝਣ ਲਈ ਤਿਆਰ ਨਹੀਂ ਸੀ ਅਤੇ ਨਾ ਹੀ ਉਸਨੂੰ ਉਸਦੇ ਘਰ ਦੇ ਮੰਨਦੇ ਦਿਸ ਰਹੇ ਸਨ |

ਪਰ ਰੋਹਨ ਨੇ ਉਸ ਨਾਲ ਵਿਆਹ ਕਰਾਉਣ ਦੀ ਜ਼ਿੱਦ ਫੜ੍ਹ ਲਈ ਸੀ ਅਤੇ ਗੀਤਿਕਾ ਉਸਦੀ ਇਸ ਜ਼ਿੱਦ ਅੱਗੇ ਮਜਬੂਰ ਹੋ ਗਈ ਸੀ |

ਉਸਨੇ ਰੋਹਨ ਨਾਲ ਇੱਕ ਮੰਦਿਰ ਵਿੱਚ ਵਿਆਹ ਦਾ ਫੈਸਲਾ ਕਰ ਲਿਆ | ਰੋਹਨ ਨੇ ਗੀਤਿਕਾ ਨੂੰ ਰਾਤ ਨੂੰ ਘਰੋਂ ਭੱਜਣ ਦੀ ਸਲਾਹ ਦਿੱਤੀ , ਉਹ ਕੁਝ ਵਕਤ ਲਈ ਸਹਿਮ ਗਈ ਉਸਨੇ ਓਹਨੂੰ ਮਨਾਂ ਕਰ ਦਿੱਤਾ ,ਪਰ ਰੋਹਨ ਨਾਲ ਸੁਨਹਿਰੇ ਭਵਿੱਖ ਦੇ ਸੁਪਨੇ ਨੇ ਉਸਨੂੰ ਇਹ ਕਰਨ ਲਈ ਵੀ ਮਜਬੂਰ ਕਰ ਦਿੱਤਾ | ਜਦੋਂ ਉਹ ਘਰੋਂ ਤੁਰਨ ਲੱਗੀ ਤਾਂ ਉਸਦਾ ਮਨ ਵਾਰ ਵਾਰ ਅਜਿਹਾ ਨਾ ਕਰਨ ਲਈ ਕਹਿ ਰਿਹਾ ਸੀ | ਘਰ ਦੀਆਂ ਕੰਧਾਂ ਉਸਨੂੰ ਵਾਸਤੇ ਪਾਉਂਦੀਆਂ ਜਾਪ ਰਹੀਆਂ ਸਨ , ਉਸਨੇ ਇੱਕ ਵਾਰ ਨਾ ਭੱਜਣ ਦਾ ਮਨ ਬਣਾ ਲਿਆ, ਉਸੇ ਵਕਤ ਰੋਹਨ ਦੀ ਮਿਸ ਕਾਲ ਆਈ ਅਤੇ ਗੀਤਿਕਾ ਬਾਗੀ ਹੋ ਗਈ | ਉਸੇ ਰਾਤ ਨੂੰ ਹੀ ਗੀਤਿਕਾ ਆਪਣੇ ਘਰੋਂ ਭੱਜ ਰੋਹਨ ਕੋਲ ਆ ਗਈ ,ਉਸ ਕੋਲ ਇਕ ਆਪਣੇ ਕਪੜਿਆ ਦਾ ਬੈਗ ਸੀ ਅਤੇ ਕੁੱਝ ਨਕਦੀ |

ਜਦੋ ਗੀਤਿਕਾ ਉਸ ਕੋਲ ਭੱਜ ਆਈ ਤਾਂ ਉਸਨੇ ਰੋਹਨ ਨੂੰ ਮੰਦਿਰ ਚੱਲਣ ਲਈ ਕਿਹਾ ,ਪਰ ਰੋਹਨ ਨੇ ਕਿਹਾ ਕਿ ਰਾਤ ਨੂੰ ਵਿਆਹ ਦਾ ਕੋਈ ਮਹੂਰਤ ਨਹੀਂ ਉਹ ਸਵੇਰ ਵਿਆਹ ਕਰਵਾ ਲੈਣਗੇ ਅਤੇ ਉਹ ਉਸਨੂੰ ਆਪਣੇ ਇੱਕ ਦੋਸਤ ਦੇ ਕਮਰੇ ਵਿੱਚ ਲੈ ਗਿਆ | ਗੀਤਿਕਾ ਨੂੰ ਪੂਰਾ ਯਕੀਨ ਸੀ ਕਿ ਰੋਹਨ ਉਸ ਨਾਲ ਵਿਆਹ ਕਰਵਾਏਗਾ ਅਤੇ ਆਪਣੇ ਇਸੇ ਯਕੀਨ ਕਰਕੇ ਉਹ ਉਸਦੇ ਨਾਲ ਬੇ-ਝਿਜਕ ਚਲੀ ਗਈ |

ਕਮਰੇ ਵਿੱਚ ਪਹੁੰਚ ਉਹ ਦੋਵੇਂ ਕੁੱਝ ਵਕਤ ਬੈਠੇ ਅਤੇ ਫਿਰ ਰੋਹਨ ਉਸਦੇ ਕਰੀਬ ਆਇਆ ,ਉਸਦਾ ਹੱਥ ਗੀਤਿਕਾ ਦੇ ਕਮੀਜ ਦੇ ਪਿਆ | ਗੀਤਿਕਾ ਤੁਰੰਤ ਪਿੱਛੇ ਹੱਟ ਗਈ , ਉਸਨੇ ਕਿਹਾ ਕਿ ਇਹ ਸਭ ਵਿਆਹ ਤੋਂ ਬਾਅਦ ਕਰਾਂਗੇ | ਰੋਹਨ ਪਿੱਛੇ ਹੱਟ ਗਿਆ ਅਤੇ ਉਸ ਨਾਲ ਪਿਆਰ ਭਰੀਆਂ ਗੱਲਾਂ ਕਰਨ ਲੱਗਾ , ਕਿ ਉਹਨਾਂ ਦਾ ਇੱਕ ਸੋਹਣਾ ਜਿਹਾ ਘਰ ਹੋਵੇ ,ਉਹ ਦੋਵੇ ਕੰਮ ਕਰਕੇ ਆਪਣਾ ਘਰ ਚਲਾਉਣਗੇ , ਉਹਨਾਂ ਦਾ ਇੱਕ ਬੇਟਾ ਅਤੇ ਬੇਟੀ ਹੋਣਗੇ | ਗੀਤਿਕਾ ਆਪਣੇ ਸੁਫਨਿਆਂ ਦੀ ਦੁਨੀਆਂ ਵਿੱਚ ਖੋ ਗਈ | ਉਸਨੂੰ ਇਸ ਗੱਲ ਦਾ ਪਤਾ ਤੱਕ ਨਾ ਚੱਲਿਆ ਕਿ ਕਦੋ ਰੋਹਨ ਨੇ ਉਸਨੂੰ ਨਗਨ ਕਰ ਲਿਆ ਸੀ | ਜਦੋ ਉਸਨੂੰ ਹੋਸ਼ ਆਈ ਤਾਂ ਰੋਹਨ ਉਸ ਉਪਰ ਹਾਵੀ ਹੋ ਗਿਆ ਸੀ ਕੁੱਝ ਵਕਤ ਵਿਰੋਧ ਕਰਨ ਪਿੱਛੋਂ ਉਹ ਰੁਕ ਗਈ ਕਿਓਂਕਿ ਉਸਨੂੰ ਯਕੀਨ ਸੀ ਕਿ ਉਹ ਉਸ ਨਾਲ ਦੂਸਰੇ ਦਿਨ ਵਿਆਹ ਕਰਵਾ ਲਏਗਾ |

ਇਸਤੋਂ ਬਾਅਦ ਰੋਹਨ ਕਮਰੇ ਵਿੱਚੋਂ ਬਾਹਰ ਚਲਾ ਜਾਂਦਾ ਹੈ ਅਤੇ ਗੀਤਿਕਾ ਕੱਪੜੇ ਪਾ ਲੈਂਦੀ ਹੈ | ਉਸਨੂੰ ਲੱਗਾ ਸ਼ਾਇਦ ਰੋਹਨ ਕੁੱਝ ਖਾਣ ਲਈ ਲੈਣ ਗਿਆ ਹੈ ਅਤੇ ਕੁੱਝ ਸਮੇਂ ਬਾਅਦ ਇੱਕ ਸ਼ਕਸ ਕਮਰੇ ਅੰਦਰ ਦਾਖਲਾ ਹੋਇਆ ਉਸਨੂੰ ਲੱਗਾ ਕਿ ਇਹ ਰੋਹਨ ਹੋਵੇਗਾ ਪਰ ਇਹ ਓਹੀਓਂ ਮੁੰਡਾ ਸੀ ਜੋ ਉਸਨੂੰ ਤੰਗ ਕਰਦਾ ਸੀ | ਗੀਤਿਕਾ ਉਸਨੂੰ ਦੇਖ ਚੌਂਕ ਗਈ ਉਹ ਰੋਹਨ ਨੂੰ ਅਵਾਜ਼ਾਂ ਮਾਰਨ ਲੱਗੀ ਪਰ ਰੋਹਨ ਨਾ ਆਇਆ ਉਹ ਮੁੰਡਾ ਉਸਤੇ ਝੱਪਟਿਆ ,ਗੀਤਿਕਾ ਉਸਤੋਂ ਛੁੱਟ ਬਾਹਰ ਨੂੰ ਭੱਜੀ | ਕਮਰੇ ਦੇ ਬਾਹਰ ਉਸਨੂੰ ਰੋਹਨ ਮਿਲ ਗਿਆ ਉਹ ਉਸਦੇ ਗੱਲ ਲੱਗ ਰੋ ਪਈ | ਰੋਹਨ ਉਸਨੂੰ ਵਰਾ ਕੇ ਫਿਰ ਤੋਂ ਕਮਰੇ ਵਿੱਚ ਲੈ ਆਇਆ ਅਤੇ

ਉਸਨੂੰ ਉਸ ਮੁੰਡੇ ਦੇ ਹਵਾਲੇ ਕਰ ਦਿੱਤਾ ,ਗੀਤਿਕਾ ਦੇ ਹੋਸ਼ ਉੱਡ ਗਏ ,ਜਿਸ ਨਾਲ ਵਿਆਹ ਦੇ ਸੁਫ਼ਨੇ ਉਹ ਸਜਾ ਰਹੀ ਸੀ ਉਸਨੇ ਦਿਲ ਤੋੜ ਦਿੱਤਾ | ਉਸਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ |

ਫਿਰ ਜਦੋਂ ਉਸਨੂੰ ਹੋਸ਼ ਆਈ ਤਾਂ ਰੋਹਨ ਉਸਦੇ ਸਾਹਮਣੇ ਬੈਠਾ ਸੀ ਅਤੇ ਉਹ ਮੁੰਡਾ ਜਾ ਚੁੱਕਾ ਸੀ | ਰੋਹਨ ਨੇ ਉਸਨੂੰ ਇੱਕ ਵੀਡੀਓ ਦਿਖਾਈ ਜੋ ਉਸਨੇ ਰਿਕਾਰਡ ਕਰ ਲਈ ਸੀ ਅਤੇ ਉਸਨੇ ਇਹ ਸਭ ਕਿਸੇ ਨੂੰ ਨਾ ਦੱਸਣ ਲਈ ਕਿਹਾ | ਗੀਤਿਕਾ ਚੁੱਪ ਚਾਪ ਉਸਦੀਆਂ ਇਹ ਸਭ ਗੱਲਾਂ ਮੰਨ ਰਹੀ ਸੀ | ਉਹ ਉਥੋਂ ਉੱਠ ਰਸੋਈ ਵਿੱਚ ਚਲੀ ਗਈ ਜਦੋ ਰੋਹਨ ਉਸਦੇ ਪਿੱਛੇ ਗਿਆ ਤਾਂ ਉਸਨੇ ਚਾਕੂ ਦਾ ਇੱਕ ਭਰਪੂਰ ਵਾਰ ਉਸਤੇ ਕੀਤਾ ਅਤੇ ਰੋਹਨ ਥਾਵੇਂ ਹੀ ਢੇਰ ਹੋ ਗਿਆ | ਗੀਤਿਕਾ ਉਥੋਂ ਭੱਜ ਕੇ ਇੱਕ ਰੇਲਵੇ ਸਟੇਸ਼ਨ ਪਹੁੰਚ ਗਈ ਅਤੇ ਜੋ ਪਹਿਲੀ ਗੱਡੀ ਮਿਲੀ ਉਸ ਤੇ ਚੜ੍ਹ ਗਈ |

ਉਹ ਗੱਡੀ ਉਸਨੂੰ ਪੰਜਾਬ ਲੈ ਆਈ ਪਰ ਇਥੇ ਆਣ ਕੇ ਵੀ ਉਸਦੀ ਮੁਸੀਬਤ ਖਤਮ ਨਾ ਹੋਈ | ਉਸਦੀ ਵੀਡੀਓ ਉਹਨਾਂ ਪਹਿਲਾਂ ਹੀ ਨੈਟ ਤੇ ਅਪਲੋਡ ਕਰ ਦਿੱਤੀ ਸੀ ਅਤੇ ਜਿਸ ਜਗ੍ਹਾ ਉਹ ਦਿਹਾੜੀ ਤੇ ਲੱਗੀ ਹੋਈ ਸੀ ਓਥੋਂ ਦੇ ਠੇਕੇਦਾਰ ਨੇ ਉਹ ਵੀਡੀਓ ਦੇਖ ਉਸਨੂੰ ਪਹਿਚਾਣ ਲਿਆ ਸੀ ਅਤੇ ਇਸਨੂੰ ਬਲੈਕਮੇਲ ਕੀਤਾ ਕਿ ਉਹ ਉਸ ਨਾਲ ਸਬੰਧ ਬਣਾਵੇ ਨਹੀਂ ਤਾਂ ਉਹ ਪੁਲਿਸ ਵਿੱਚ ਰਿਪੋਰਟ ਕਰ ਦੇਵੇਗਾ | ਉਸ ਠੇਕੇਦਾਰ ਨਾਲ ਸਬੰਧ ਬਣਾਉਣ ਤੋਂ ਬਾਅਦ ਉਸਨੇ ਉਸਦਾ ਪਿੱਛਾ ਛੱਡ ਦਿੱਤਾ ਸੀ | ਇਸੇ ਲਈ ਉਸਨੇ ਇਹ ਰਸਤਾ ਆਪਣਾ ਲਿਆ ਸੀ ,ਜੇਕਰ ਕਿਸੇ ਨੇ ਉਹ ਵੀਡੀਓ ਦੇਖ ਵੀ ਲਈ ਤਾਂ ਉਹ ਉਸਦੇ ਪੇਸ਼ੇ ਨੂੰ ਧਿਆਨ ਵਿੱਚ ਰੱਖ ਇਸ ਗੱਲ ਵੱਲ

ਤਵੱਜੋ ਨਹੀਂ ਦੇਵੇਗਾ ਕਿ ਉਹ ਇੱਕ ਕਾਤਲ ਹੈ ਅਤੇ ਨਾ ਹੀ ਉਹ ਇਸ ਗੱਲ ਦੀ ਪੜਤਾਲ ਕਰੇਗਾ |

ਪ੍ਰੀਤ (ਭਾਵੁਕ ਹੋਕੇ ):- ਮੈਨੂੰ ਮਾਫ ਕਰ ਦੇਣਾ ,ਤੁਹਨੂੰ ਰੁੱਖਾ ਬੋਲਿਆ ਗਿਆ ,ਮੈਨੂੰ ਨਹੀਂ ਪਤਾ ਸੀ ਕਿ ਤੁਸੀਂ ਇਹਨਾਂ ਹਾਲਾਤਾਂ ਵਿਚੋਂ ਲੰਘ ਕੇ ਆਏ ਹੋ |

ਬੀਣਾ:- ਤੁਮ ਕਿਸੀ ਕੋ ਬਤਾਨਾ ਮਤ , ਕਿਤਨੇ ਵਕਤ ਬਾਅਦ ਆਪਣਾ ਦੁੱਖ ਕਿਸੀਕੇ ਸਾਥ ਬਾਂਟਾ ਹੈ , ਮਨ ਹਲਕਾ ਹੋ ਗਿਆ

ਪ੍ਰੀਤ :- ਨਹੀਂ ਮੈਂ ਨਹੀਂ ਦੱਸਾਂਗਾ ,ਗੀਤਿਕਾ |

ਬੀਣਾ :- ਇਸ ਨਾਮ ਸੇ ਮੱਤ ਬੁਲਾਈਏ ,ਨਫਰਤ ਹੈ ਮੁਝੇ ਗੀਤਿਕਾ ਸੇ |

ਪ੍ਰੀਤ :- ਠੀਕ ਹੈ |

ਬੀਣਾ :- ਆਪਕੇ ਪੈਸੇ ਮੇਂ ਵਾਪਿਸ ਕਰ ਦੂੰਗੀ , ਉਨਕੇ ਸਾਥ ਬਾਤ ਹੁਈ ਥੀ ਕਿ ਕੁਛ ਨਾ ਹੂਆ ਤੋਹ ਆਧੇ ਪੈਸੇ ਵਾਪਿਸ ਲੈਂਗੇ |

ਪ੍ਰੀਤ :- ਕੋਈ ਜ਼ਰੂਰਤ ਨਹੀਂ ਹੈ ,ਇਸਦੀ |

ਇੰਨੇ ਵਿੱਚ ਹੀ ਦਰਵਾਜਾ ਖੁੱਲਦਾ ਹੈ ਅਤੇ ਲੱਕੀ ਅੰਦਰ ਵੜ੍ਹਦਾ ਹੈ ਉਹ ਬੀਣਾ ਨੂੰ ਚਾਦਰ ਵਿੱਚ ਲਿਪਟੀ ਦੇਖ ਸਮਝਦਾ ਹੈ ਕਿ ਕੁੱਝ ਨਹੀਂ ਹੋਇਆ ਅਤੇ ਪੈਸੇ ਮੰਗਦਾ ਹੈ ,ਪਰ ਪ੍ਰੀਤ ਉਸਨੂੰ ਝਿੜਕ ਕੇ ਰੋਕ ਦਿੰਦਾ ਹੈ | ਪ੍ਰੀਤ ਦੀ ਰੋਹਬ ਭਰੀ ਆਵਾਜ਼ ਸੁਣ ਲੱਕੀ ਥੌੜ੍ਹਾ ਸਹਿਮ ਜਾਂਦਾ ਹੈ |

ਲੱਕੀ :- ਚਲੋ ਇੰਨੇ ਨਹੀਂ ਕੁੱਝ ਕੀਤਾ ਤਾਂ ,ਮੈਂ ਕਰ ਲੈਂਦਾ ਹਾਂ ,ਪੈਸਿਆਂ ਦਾ ਮੁੱਲ ਪੈ ਜਾਊਗਾ |

ਪ੍ਰੀਤ (ਗੁੱਸੇ ਵਿਚ ):- ਖ਼ਬਰਦਾਰ ਜੇ ਕੁੜੀ ਦੇ ਨੇੜੇ ਗਿਆ ਤਾਂ |

ਲੱਕੀ ਚੁੱਪ ਕਰਕੇ ਬਾਹਰ ਨਿਕਲ ਜਾਂਦਾ ਹੈ , ਬਾਹਰ ਹਰਜੀਤ ਉਸਦਾ ਚਿਹਰਾ ਦੇਖ ਸਮਝ ਗਿਆ ਕਿ ਪ੍ਰੀਤ ਨੇ ਝਾੜ-ਚੰਬ ਕੀਤੀ ਆ | ਪ੍ਰੀਤ ਬਾਹਰ ਆ ਕੇ ਹਰਜੀਤ ਨੂੰ ਬੀਣਾ ਨੂੰ ਘਰ ਛੱਡ ਕੇ ਆਉਣ ਲਈ ਕਿਹਾ ਪਰ ਬੀਣਾ ਨੇ ਕਿਹਾ ਕਿ ਉਹ ਖੁਦ ਚਲੀ ਜਾਵੇਗੀ | ਘਰ ਆਉਂਦਿਆਂ ਪ੍ਰੀਤ ,ਹਰਜੀਤ ਅਤੇ ਲੱਕੀ ਵਿੱਚ ਕੋਈ ਗੱਲ ਬਾਤ ਨਾ ਹੋਈ |

ਪ੍ਰੀਤ ਘਰ ਆ ਗਿਆ ਪਰ ਉਹ ਬੇਚੈਨ ਹੋ ਗਿਆ ਉਸਦੇ ਦਿਮਾਗ ਵਿਚੋਂ ਉਹ ਕੁੜੀ ਤਾਂ ਨਿਕਲ ਗਈ ਪਰ ਉਸਦੀ ਥਾਵੇਂ ਉਸਨੂੰ ਗੀਤਿਕਾ ਨੇ ਘੇਰ ਲਿਆ | ਉਸਦੇ ਕੰਨਾਂ ਵਿੱਚ ਗੀਤਿਕਾ ਦੇ ਰੋਂਦੇ ਬੋਲ ਹੀ ਸੁਣ ਰਹੇ ਸਨ |

..........................................................................................

**ਲੇਖਕ ਵਲੋਂ :-**

ਸਤਿ ਸ਼੍ਰੀ ਅਕਾਲ ਜੀ |

ਕਹਾਣੀ ਪੜ੍ਹਨ ਲਈ ਬਹੁਤ ਬਹੁਤ ਧੰਨਵਾਦ ਜੀ | ਉਮੀਦ ਹੈ ਤੁਹਾਨੂੰ ਕਹਾਣੀ ਪਸੰਦ ਆਈ ਹੋਵੇਗੀ ਅਤੇ ਇਸ ਦੇ ਬਾਬਤ ਆਪਣੇ ਵਿਚਾਰ/ਸੁਝਾਅ ਜ਼ਰੂਰ ਸਾਂਝੇ

ਕਰਨਾ ਜੀ ਤਾਂ ਜੋ ਮੈਂ ਆਪਣੀ ਲਿਖਤ ਵਿੱਚ ਸੁਧਾਰ ਕਰ ਸਕਾਂ | ਕਹਾਣੀ ਦਾ ਅਗਲਾ ਭਾਗ ਜਲਦੀ ਹੀ ਲੈ ਕੇ ਹਾਜ਼ਿਰ ਹੋਵਾਂਗਾ ਜੀ |

ਤੁਸੀਂ ਆਪਣੇ ਵਿਚਾਰ ਮੈਨੂੰ ਮੇਰੇ ਵਟਸਐਪ ਨੰਬਰ ਜਾਂ ਇੰਸਟਾਗ੍ਰਾਮ ਤੇ ਦੱਸ ਸਕਦੇ ਹੋ ਜੀ|

ਧੰਨਵਾਦ |


ਮਨਪ੍ਰੀਤ:-

ਵਟਸਐਪ:- 62809-81326

Instagram:-m_preet_sidhu

Mail:- mpreetsidhu906@gmail.com



